# ਖਾਸ (ਇਕੱਲੇ ਲਈ) ਏਜੁਕੇਸ਼ਨ ਪਲੈਨ ਕੀ ਹੈ?

**What is an individual education plan (IEP)?**

ਖਾਸ (ਇਕੱਲੇ ਲਈ) ਏਜੁਕੇਸ਼ਨ ਪਲੈਨ ਥੋੜ੍ਹੇ ਸਮੇਂ ਲਈ ਨਿਸ਼ਾਨੇ ਬੰਨ ਕੇ ਤੁਹਾਡੇ ਬੱਚੇ ਨੂੰ ਸਿੱਖਣ ਜਾਂ ਵਰਤਾਓ ਦੀਆਂ ਜ਼ਰੂਰਤਾਂ ਵਿੱਚ ਮਦਦ ਕਰਨ ਲਈ ਤਿਆਰ ਕੀਤੀ ਲਿੱਖਤੀ ਪਲੈਨ ਹੈ। ਇਕੱਲੇ ਲਈ ਏਜੁਕੇਸ਼ਨ ਪਲੈਨ ਸਾਰੇ ਟੀਚਿੰਗ ਸਟਾਫ਼ ਲਈ ਕੰਮ ਕਰਨ ਲਈ ਲਿੱਖਤੀ ਦਸਤਾਵੇਜ਼ ਹੁੰਦਾ ਹੈ।

## ਮੇਰੇ ਬੱਚੇ ਨੂੰ ਕਦੋਂ ਖਾਸ (ਇਕੱਲੇ ਲਈ) ਏਜੁਕੇਸ਼ਨ ਪਲੈਨ ਮਿਲਣੀ ਚਾਹੀਦੀ ਹੈ?

ਜੇ ਤੁਹਾਡਾ ਬੱਚਾ ਸਟੇਟਮੈਂਟ ਜਾਂ ਸਕੂਲ ਐਕਸ਼ਨ ਜਾਂ ਸਕੂਲ ਐਕਸ਼ਨ ਪਲੱਸ ਲਈ ਹੈ ਤਾਂ ਤੁਹਾਡੇ ਬੱਚੇ ਦਾ ਸਕੂਲ ਉਸ ਲਈ ਖਾਸ (ਇਕੱਲੇ ਲਈ) ਏਜੁਕੇਸ਼ਨ ਪਲੈਨ ਲਿੱਖੇਗਾ।

ਇਹ ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਲਈ ਅਰਲੀ ਯੀਅਰ ਐਕਸ਼ਨ (ਸ਼ੁਰੂ ਦੇ ਸਾਲਾਂ ਵਿੱਚ ਕਦਮ) ਜਾਂ ਅਰਲੀ ਯੀਅਰ ਐਕਸ਼ਨ ਪਲੱਸ ਲਈ ਵੀ ਲਾਗੂ ਹੁੰਦਾ ਹੈ।

## ਮਾਪਿਆਂ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਕਿਉਂ ਲੋੜ ਹੈ?

ਇਕੱਲੇ ਲਈ ਏਜੁਕੇਸ਼ਨ ਪਲੈਨ ਜ਼ਿਆਦਾ ਅਸਰਦਾਇਕ ਹੁੰਦੀ ਹੈ ਜੇ ਮਾਪੇ, ਟੀਚਰ, ਟੀਚਿੰਗ ਅਸਿਸਟੈਂਟ ਅਤੇ ਬੱਚੇ ਰਲ ਕੇ ਇਕੱਠੇ ਇਸ ਲਈ ਕੰਮ ਕਰਨ।

## ਇਕੱਲੇ ਲਈ ਏਜੁਕੇਸ਼ਨ ਪਲੈਨ ਕੀ ਕਹੇਗੀ?

ਇਕੱਲੇ ਲਈ ਏਜੁਕੇਸ਼ਨ ਪਲੈਨ ਵਿੱਚ ਦਿੱਤਾ ਹੋਵੇਗਾ:

- ਤੁਹਾਡੇ ਬੱਚੇ ਦੀਆਂ ਸਿੱਖਣ ਜਾਂ ਵਰਤਾਓ ਦੀਆਂ ਜ਼ਰੂਰਤਾਂ ਕੀ ਹਨ;
- ਕੀ ਸਿਖਾਇਆ ਜਾਣਾ ਚਾਹੀਦਾ ਹੈ;
- ਤੁਹਾਡੇ ਬੱਚੇ ਨੂੰ ਕਿਵੇਂ ਸਿਖਾਇਆ ਜਾਣਾ ਚਾਹੀਦਾ ਹੈ;
- ਐਕਸ਼ਨ/ਕਦਮ ਕੌਣ ਚੁੱਕੇਗਾ –ਸਟਾਫ਼ ਦਾ ਕਿਹੜਾ ਮੈਂਬਰ;
- ਕਿਤਨੀ ਸਪੋਰਟ ਦਿੱਤੀ ਗਈ ਹੈ,
- ਜੇ ਕੋਈ ਸਪੈਸ਼ਲ ਸਮਾਨ, ਸਾਜੋਸਮਾਨ, ਜਾਂ ਕਿਰਿਆਵਾਂ ਦੀ ਲੋੜ ਹੈ;
- ਤੁਸੀਂ ਕੀ ਮਦਦ ਕਰ ਸਕਦੇ ਹੋ;
- ਜੇ ਮੈਡੀਕਲ/ਡਾਕਟਰੀ, ਸੋਸ਼ਲ ਜਾਂ ਜ਼ਜ਼ਬਾਤੀ ਮੁਸ਼ਕਲਾਂ ਲਈ ਕੋਈ ਮਦਦ ਮਿਲਦੀ ਹੋਵੇ;
- ਤੁਹਾਡੇ ਬੱਚੇ ਲਈ, ਬੱਚੇ ਨਾਲ, ਬੱਚੇ ਵਲੋਂ ਬੰਨੇ ਗਏ ਥੋੜ੍ਹੇ ਸਮੇਂ ਵਾਸਤੇ (ਸ਼ੋਰਟ ਟਰਮ) ਨਿਸ਼ਾਨਿਆਂ ਬਾਰੇ;
- ਤਰੱਕੀ ਕਿਵੇਂ ਚੈੱਕ ਕੀਤੀ ਜਾਵੇਗੀ;
- ਅਗਲੀ ਰਿਵਿਊ ਦੀ ਤਰੀਕ ਜਦੋਂ ਤੁਹਾਡੇ ਬੱਚੇ ਦੀ ਤਰੱਕੀ ਬਾਰੇ ਰਿਵਿਊ ਕੀਤੀ ਜਾਵੇਗੀ;
- ਤਰੱਕੀ ਬਾਰੇ ਗੱਲਬਾਤ ਕਰਨ ਵਾਲੀ ਰਿਵਿਊ ਵਿੱਚ ਜਾਂ ਮੀਟਿੰਗ ਵਿੱਚ ਕੌਣ ਕੌਣ ਹਿੱਸਾ ਲਏਗਾ।

## ਇਕੱਲੇ ਲਈ ਏਜੁਕੇਸ਼ਨ ਪਲੈਨ ਕਿਤਨੇ ਸਮੇਂ ਵਾਸਤੇ ਹੋਵੇਗੀ?

ਇਕੱਲੇ ਲਈ ਏਜੁਕੇਸ਼ਨ ਪਲੈਨ ਆਮ ਤੌਰ ਤੇ ਇੱਕ ਟਰਮ ਵਾਸਤੇ ਹੁੰਦੀ ਹੈ ਜਿਸ ਤੋਂ ਬਾਅਦ ਇਸ ਬਾਰੇ ਰਿਵਿਊ ਕੀਤੀ ਜਾਂਦੀ ਹੈ ਅਤੇ ਨਵੇਂ ਨਿਸ਼ਾਨੇ ਬੰਨੇ ਜਾਂਦੇ ਹਨ ਅਤੇ ਇਸ ਦੇ ਨਾਲ ਹੀ ਅਗਲੀ ਰਿਵਿਊ ਲਈ ਤਰੀਕ ਰੱਖੀ ਜਾਂਦੀ ਹੈ। ਤੁਹਾਨੂੰ ਆਪਣੇ ਵਿਚਾਰ ਦੇਣ ਲਈ ਪੁੱਛਿਆ ਜਾਵੇਗਾ ਅਤੇ ਤੁਹਾਨੂੰ ਨਤੀਜ਼ੇ ਬਾਰੇ ਦੱਸਿਆ ਜਾਵੇਗਾ।
ਜੇ ਤੁਹਾਡੇ ਬੱਚੇ ਦੀ ਇਕੱਲੇ ਲਈ ਏਜੁਕੇਸ਼ਨ ਪਲੈਨ ਹੈ ਤਾਂ ਤੁਹਾਨੂੰ ਰਿਵਿਊ ਦੇ ਤਰੀਕੇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

## ਰਿਵਿਊ ਮੀਟਿੰਗ ਵਿੱਚ ਕਿਸ ਨੂੰ ਬੁਲਾਇਆ ਜਾਵੇਗਾ?

- ਤੁਹਾਨੂੰ
- ਬੱਚਾ, ਜੇ ਢੁੱਕਦਾ ਹੋਵੇ
- ਕਲਾਸ ਟੀਚਰ
- ਟੀਚਿੰਗ ਅਸਿਸਟੈਂਟ, ਜੇ ਕੋਈ ਸ਼ਾਮਲ ਹੋਵੇ
- ਬਾਹਰਲੀ ਏਜੰਸੀ ਜੋਕਿ ਇਸ ਵਿੱਚ ਸ਼ਾਮਲ ਹੋਵੇ ਮਿਸਾਲ ਦੇ ਤੌਰ ਤੇ ਹੈਲਥ ਵਾਲੇ (ਸਿਹਤ)
- ਸਕੂਲ ਦੀ ਸਪੈਸ਼ਲ ਏਜੁਕੇਸ਼ਨ ਨੀਡਜ਼ ਦੇ ਕੋਆਰਡੀਨੇਟਰ (SENCO)

**ਸਵਾਲ ਜੋ ਤੁਸੀਂ ਸ਼ਾਇਦ ਪੁੱਛਣੇ ਚਾਹੋ**

- ਤਰੱਕੀ ਕਿਵੇਂ ਮਾਨੀਟਰ ਕੀਤੀ ਜਾਣੀ ਹੈ?
- ਇਕੱਲੇ ਲਈ ਏਜੁਕੇਸ਼ਨ ਪਲੈਨ ਤਿਆਰ ਕਰਨ ਵਿੱਚ ਮੈਂ ਕਿਵੇਂ ਹਿੱਸਾ ਪਾ ਸਕਦਾ/ਸਕਦੀ ਹਾਂ?
- ਕੀ ਮੇਰੇ ਬੱਚੇ ਦੇ ਵਿਚਾਰ ਅਤੇ ਖ਼ਿਆਲ ਵੀ ਸ਼ਾਮਲ ਕੀਤੇ ਗਏ ਹਨ?
- ਕੀ ਨਿਸ਼ਾਨੇ ਪੂਰੇ ਕੀਤੇ ਜਾਣ ਵਾਲੇ ਹਨ ਅਤੇ ਮੇਰੇ ਬੱਚੇ ਦੀਆਂ ਜ਼ਰੂਰਤਾਂ ਲਈ ਪੂਰੇ ਹੋਣ ਵਾਲੇ ਹਨ।
- ਜੇ ਬੰਨੇ ਗਏ ਨਿਸ਼ਾਨੇ ਤੇ ਮੇਰਾ ਬੱਚਾ ਨਹੀਂ ਪਹੁੰਚਦਾ ਤਾਂ ਫਿਰ ਕੀ ਹੁੰਦਾ ਹੈ?
- ਮੇਰੇ ਬੱਚੇ ਦੀਆਂ ਰਿਵਿਊ ਮੀਟਿੰਗਾਂ ਵਿੱਚ ਕੌਣ ਸ਼ਾਮਲ ਹੋਵੇਗਾ?
- ਮੈਂ ਆਪਣੇ ਬੱਚੇ ਦੀ ਅਤੇ ਸਕੂਲ ਦੀ ਕਿਵੇਂ ਮਦਦ/ਸਪੋਰਟ ਕਰ ਸਕਦਾ/ਸਕਦੀ ਹਾਂ?

**ਇਕੱਲੇ ਲਈ ਏਜੁਕੇਸ਼ਨ ਪਲੈਨ ਦੀ ਰਿਵਿਊ ਤੇ ਕੀ ਹੋ ਸਕਦਾ ਹੈ?**

ਹਰ ਇੱਕ ਇਸ ਵੇਲੇ ਦੀ ਇਕੱਲੇ ਲਈ ਏਜੁਕੇਸ਼ਨ ਪਲੈਨ ਬਾਰੇ ਗੱਲ ਕਰੇਗਾ, ਕੋਈ ਤਰੱਕੀ ਜੇ ਹੋਈ ਹੋਵੇ ਅਤੇ ਜੇ ਨਿਸ਼ਾਨੇ ਅਜੇ ਵੀ ਢੁੱਕਦੇ ਹਨ।

ਜੇ ਤੁਹਾਡੇ ਬੱਚੇ ਦੀ ਤਰੱਕੀ ਫ਼ਿਕਰ ਦਾ ਕਾਰਣ ਬਨਣਾ ਜ਼ਾਰੀ ਰਹੀ ਹੈ ਤਾਂ ਸਕੂਲ ਨੂੰ ਸ਼ਾਇਦ ਹੋਰ ਕਦਮ ਚੁੱਕਣ ਦੀ ਲੋੜ ਪਵੇ।

ਕੋਈ ਵੀ ਨਵੇਂ ਨਿਸ਼ਾਨੇ ਜਾਂ ਤਬਦੀਲੀਆਂ ਇਕੱਲੇ ਲਈ ਨਵੀਂ ਏਜੁਕੇਸ਼ਨ ਪਲੈਨ ਵਿੱਚ ਰਿਕਾਰਡ ਕੀਤੀਆਂ ਜਾਣਗੀਆਂ।

ਅਸੀਂ ਵਲੰਟਰੀ ਸੈਕਟਰ ਤੇ ਆਧਾਰਿਤ ਹਾਂ ਅਤੇ ਫੈਮਿਲੀ ਵੇਲਫੈਅਰ (ਪਰਿਵਾਰ ਦੀ ਭਲਾਈ) ਐਸੋਸੀਏਸ਼ਨ ਦੀ ਹਿਮਾਇਤ ਮਿਲਦੀ ਹੈ ਅਤੇ ਨੌਟਿੰਘਮ ਸਿਟੀ ਕਾਉਂਸਲ ਅਤੇ ਨੌਟਿੰਘਮਸ਼ਾਇਰ ਕਾਉਂਟੀ ਕਾਉਂਸਲ ਵਲੋਂ ਫੰਡ ਮਿਲਦਾ ਹੈ।

ਪੇਰੇਂਟ ਪਾਰਟਨਰਸ਼ਿੱਪ ਸਰਵਿਸ (ਮਾਪਿਆਂ ਨਾਲ ਸਾਂਝਦਾਰੀ)
ਸੁਈਟ 5 ਕਲੇਰੇਨਡਨ ਚੈਂਮਬਰਸ
Parent Partnership Service
Suite 5 Clarendon Chambers
32 Clarendon Street
Nottingham NG1 5LN

ਫੋਨ, ਫੈਕਸ ਜਾਂ ਮਿਨੀਕਮ: 0115 948 2888
ਇਹ ਨੰਬਰ ਸਿਟੀ ਅਤੇ ਕਾਉਂਟੀ ਦੇ ਮਾਪਿਆਂ ਲਈ ਹੈ।

ਈਮੇਲ: enquiries@ppsnotts.org.uk
ਵੇੱਬਸਾਈਟ: www.ppsnotts.org.uk

Panjabi

ਮਾਪਿਆਂ ਲਈ ਰਾਹਨੁਮਾਈ

# ਖਾਸ ਏਜੁਕੇਸ਼ਨ ਪਲੈਨਾਂ

## (ਇਕੱਲੇ ਲਈ ਵਿਦਿਆ) (IEPs)

# Individual education plans (IEPs)

**ਸਪੈਸ਼ਲ ਏਜੁਕੇਸ਼ਨ ਨੀਡਜ਼** (ਖਾਸ ਵਿਦਿਅਕ ਜ਼ਰੂਰਤਾਂ) **ਅਤੇ ਡਿਸਏਬਿਲਟੀਜ਼** (ਅਯੋਗਤਾ) **ਵਾਲੇ ਬੱਚਿਆਂ ਲਈ**